ਬਹਾਰ ਰੁੱਤ 2023

# ਇਮਪਲੌਏਅਰਜ਼ ਐਡਵਾਈਜ਼ਰ

Employers' Advisers Office

*ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਬੁਲੇਟਿਨ। ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ 'ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਓ ਐੱਚ ਐੱਸ ਰੈਗੂਲੇਸ਼ਨ ਵਿਚ ਸੋਧਾਂ 1 ਮਾਰਚ, 2023 ਤੋਂ ਲਾਗੂ

ਹਿੱਸੇ 14 ਅਤੇ 19, ਇਨਕੌਨਸਿਸਟੈਂਟ ਕਰੇਨ ਮਿਸਐਡਵੈਂਚਰ ਐਂਡ ਜ਼ੋਨ-ਲਿਮਟਿੰਗ ਡਿਵਾਈਸਸ ਇਨ ਟੌਵਰ ਕਰੇਨਜ਼ ਅਤੇ ਪ੍ਰੀਵੈਨਸ਼ਨ ਮੈਨੂਅਲ ਦੀ ਆਈਟਮ ਆਰ 19.25 ਵਿਚ ਸੋਧਾਂ 1 ਮਾਰਚ, 2023 ਤੋਂ ਲਾਗੂ ਹੋ ਗਈਆਂ। ਇਨ੍ਹਾਂ ਤਬਦੀਲੀਆਂ ਦਾ ਮੁੱਖ ਮਕਸਦ, ਉਨ੍ਹਾਂ ਹਾਲਤਾਂ ਅਤੇ ਪਰਿਭਾਸ਼ਾਵਾਂ ਨੂੰ ਸਪਸ਼ਟ ਕਰਨਾ ਹੈ ਜਿੱਥੇ ਨਿਯਮ ਲਾਗੂ ਹੋ ਸਕਦੇ ਹਨ। ਹਿੱਸਾ 14.85.1(2) ਵਿਚ ਤਬਦੀਲੀ ਇਹ ਸਪਸ਼ਟ ਕਰਦੀ ਹੈ ਕਿ ਇਹ ਪੱਕਾ ਕਰਨਾ ਕੰਮ-ਮਾਲਕ (ਇਮਪਲੌਏਅਰ) ਦੀ ਜ਼ਿੰਮੇਵਾਰੀ ਹੈ ਕਿ ਜਿੱਥੇ ਵਿਹਾਰਕ ਹੋਵੇ ਉੱਥੇ ਓਵਰਲੈਪਿੰਗ ਜ਼ੋਨਾਂ ਤੋਂ ਪਰਹੇਜ਼ ਕੀਤਾ ਜਾ ਰਿਹਾ ਹੈ। ਜ਼ੋਨ-ਸੀਮਤ ਕਰਨ ਵਾਲੇ ਯੰਤਰਾਂ ਲਈ ਵੀ ਕੁਝ ਸੋਧੀਆਂ ਹੋਈਆਂ ਸ਼ਰਤਾਂ ਹਨ।

**ਦਿਲਚਸਪ ਤੱਥ** – ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ ਨੇ ਸਾਲ 2023 ਦੇ ਪਹਿਲੇ ਦੋ ਮਹੀਨਿਆਂ ਦੌਰਾਨ 4272 ਲੋਕਾਂ ਅੱਗੇ 51 ਵਰਚੁਅਲ ਅਤੇ ਇਨ-ਪਰਸਨ ਸੈਮੀਨਾਰ ਪੇਸ਼ ਕੀਤੇ ਹਨ!

## ਨਵਾਂ ਡਿਊ ਡਿਲੀਜੈਂਸ ਰੀਸੋਰਸ

ਵਰਕਸੇਫ ਬੀ ਸੀ ਨੇ ਹੁਣੇ ਹੁਣੇ ਆਪਣੇ ਔਨਲਾਈਨ ਡਿਊ ਡਿਲੀਜੈਂਸ ਰੀਸੋਰਸਿਜ਼ ਅਪਡੇਟ ਕੀਤੇ ਹਨ। ਡਿਊ ਡਿਲੀਜੈਂਸ (ਯੋਗ ਉੱਦਮ) ਵਿਚ ਵਰਕਰਾਂ ਦੀ ਨੁਕਸਾਨ ਤੋਂ ਰੱਖਿਆ ਕਰਨ ਲਈ ਸਾਰੇ ਵਾਜਬ ਕਦਮ ਚੁੱਕਣਾ ਸ਼ਾਮਲ ਹੈ।

- **ਕੰਮ ਦੀ ਥਾਂ 'ਤੇ ਸਾਰੇ ਖਤਰਿਆਂ ਦੀ ਪਛਾਣ ਕਰੋ**
- **ਰੋਕਥਾਮ ਕਰਨ ਵਾਲੇ ਸਾਰੇ ਲੋੜੀਂਦੇ ਉਪਾ ਲਾਗੂ ਕਰੋ**
- **ਸਾਰੇ ਜ਼ਰੂਰੀ ਅਮਲੇ ਨੂੰ ਸਹੀ ਤਰ੍ਹਾਂ ਜਾਣਕਾਰੀ ਦਿਉ**

ਨਵੀਂ ਜਾਣਕਾਰੀ ਸ਼ੀਟ ਲਈ ਲਿੰਕ ਇਹ ਹੈ: Basics of due diligence | WorkSafeBC. ਨਵਾਂ ਸ੍ਰੋਤ ਪੁਰਾਣੀ ਡਿਊ ਡਿਲੀਜੈਂਸ ਚੈੱਕਲਿਸਟ ਦੀ ਥਾਂ ਲੈਂਦਾ ਹੈ, ਜੋ ਕਿ ਹੁਣ ਵਰਕਸੇਫ ਬੀ ਸੀ ਦੇ ਵੈੱਬਸਾਈਟ 'ਤੇ ਮੌਜੂਦ ਨਹੀਂ ਹੈ।

ਡਿਊ ਡਿਲੀਜੈਂਸ (ਯੋਗ ਉੱਦਮ) ਦੇ 5 ਕਦਮ

1. **ਸੁਚੇਤ ਹੋਵੋ**
2. **ਯਥਾਰਥਕ ਬਣੋ**
3. **ਸਰਗਰਮ ਹੋਵੋ**
4. **ਚੌਕਸ ਰਹੋ**
5. **ਰਿਕਾਰਡ 'ਤੇ ਰਹੋ**




## ਕੀ ਤੁਹਾਨੂੰ ਪ੍ਰੋਜੈਕਟ ਦਾ ਨੋਟਿਸ ਦਰਜ ਕਰਵਾਉਣ ਦੀ ਲੋੜ ਹੈ?

ਵਰਕਸੇਫ ਬੀ ਸੀ ਦਾ ਨਿਯਮ ਖਾਸ ਪ੍ਰੋਜੈਕਟਾਂ ਉੱਪਰ ਕੰਮ ਦੀ ਸਰਗਰਮੀ ਸ਼ੁਰੂ ਕਰਨ ਤੋਂ ਪਹਿਲਾਂ, ਮਾਲਕਾਂ, ਮੁੱਖ ਠੇਕੇਦਾਰਾਂ, ਅਤੇ/ਜਾਂ ਕੰਮ-ਮਾਲਕਾਂ ਤੋਂ ਨੋਟਿਸ ਔਫ ਪ੍ਰੋਜੈਕਟ ਫਾਰਮ ਮੁਕੰਮਲ ਕਰਨ ਦੀ ਮੰਗ ਕਰਦਾ ਹੈ। ਪ੍ਰੋਜੈਕਟਾਂ ਦੇ ਲੋੜੀਂਦੇ ਨੋਟਿਸ ਅਸੀਂ ਹੇਠਾਂ ਦਿੱਤੇ ਹਨ। ਆਪਣੇ ਕੰਮ ਜਾਂ ਸਰਗਰਮੀ ਲਈ ਕੀ ਤੁਹਾਨੂੰ ਪ੍ਰੋਜੈਕਟ ਦਾ ਨੋਟਿਸ ਦਰਜ ਕਰਵਾਉਣ ਦੀ ਲੋੜ ਹੈ ਜਾਂ ਨਹੀਂ ਬਾਰੇ ਜ਼ਿਆਦਾ ਵੇਰਵੇ WorkSafeBC Link 'ਤੇ ਦੇਖੇ ਜਾ ਸਕਦੇ ਹਨ।

| ਪ੍ਰੋਜੈਕਟ ਦੀ ਕਿਸਮ | ਲੋੜੀਂਦਾ ਨੋਟਿਸ |
|---|---|
| ਕਨਸਟਰੱਕਸ਼ਨ (ਓ ਐੱਚ ਐੱਸ ਰੈਗੂਲੇਸ਼ਨ 20.2) | ਘੱਟੋ ਘੱਟ 24 ਘੰਟਿਆਂ ਦਾ |
| ਐਸਬੈਸਟਸ, ਲੈਡ ਜਾਂ ਇਸ ਤਰ੍ਹਾਂ ਦੇ ਸੰਪਰਕ ਵਾਲੇ ਕੰਮ ਦੀ ਕੋਈ ਹੋਰ ਸਰਗਰਮੀ (ਓ ਐੱਚ ਐੱਸ ਰੈਗੂਲੇਸ਼ਨ 20.2.1 (1)) | ਘੱਟੋ ਘੱਟ 48 ਘੰਟਿਆਂ ਦਾ |
| ਜੰਗਲਾਤ ਦੇ ਪ੍ਰੋਜੈਕਟ ਜਿਨ੍ਹਾਂ ਦੇ 5 ਕੰਮਕਾਰੀ ਦਿਨਾਂ ਨਾਲੋਂ ਜ਼ਿਆਦਾ ਸਮਾਂ ਰਹਿਣ ਦੀ ਉਮੀਦ ਹੈ (ਓ ਐੱਚ ਐੱਸ ਰੈਗੂਲੇਸ਼ਨ 26.4) | ਘੱਟੋ ਘੱਟ 24 ਘੰਟਿਆਂ ਦਾ ਪਰ 30 ਦਿਨ ਤੋਂ ਜ਼ਿਆਦਾ ਦਾ ਨਹੀਂ |
| ਡਾਈਵਿੰਗ (ਓ ਐੱਚ ਐੱਸ ਰੈਗੂਲੇਸ਼ਨ 24.9(1)(ਏ) ਤੋਂ (ਐੱਫ)) | ਘੱਟੋ ਘੱਟ 24 ਘੰਟਿਆਂ ਦਾ |
| ਏਅਰਕਰਾਫਟ ਓਪਰੇਸ਼ਨਜ਼ (ਜੰਗਲਾਤ) (ਓ ਐੱਚ ਐੱਸ ਰੈਗੂਲੇਸ਼ਨ 29.16) | ਘੱਟੋ ਘੱਟ 2 ਹਫਤਿਆਂ ਦਾ |
| ਅੰਡਰਗਰਾਊਂਡ ਕੰਮ (ਓ ਐੱਚ ਐੱਸ ਰੈਗੂਲੇਸ਼ਨ 22.6) | ਘੱਟੋ ਘੱਟ 30 ਦਿਨਾਂ ਦਾ |
| ਬਲਾਸਟਿੰਗ ਦੇ ਕੰਮ ਦੇ ਨੇੜੇ ਹੋਣਾ ਜੋ ਕਿ 3 ਨਾਲੋਂ ਜ਼ਿਆਦਾ ਦਿਨ ਰਹਿਣ ਦੀ ਉਮੀਦ ਹੈ (ਕਨਸਟਰੱਕਸ਼ਨ) (ਓ ਐੱਚ ਐੱਸ ਰੈਗੂਲੇਸ਼ਨ 21.88) | ਘੱਟੋ ਘੱਟ 24 ਘੰਟਿਆਂ ਦਾ |
| ਐਸਬੈਸਟਸ, ਲੈਡ ਜਾਂ ਇਸ ਤਰ੍ਹਾਂ ਦੇ ਸੰਪਰਕ ਵਾਲੇ ਕੰਮ ਦੀ ਕੋਈ ਹੋਰ ਸਰਗਰਮੀ (ਓ ਐੱਚ ਐੱਸ ਰੈਗੂਲੇਸ਼ਨ 20.2.1 (1)) | ਘੱਟੋ ਘੱਟ 48 ਘੰਟਿਆਂ ਦਾ |

**ਇਮਪਲੌਏਅਰਜ਼ ਐਡਵਾਈਜ਼ਰ** ਕੋਲ ਵਰਕਰਜ਼ ਕੰਪਨਸੇਸ਼ਨ ਦੇ ਸਾਰੇ ਖੇਤਰਾਂ ਵਿਚ ਮੁਹਾਰਤ ਹੈ। ਜੇ ਕਲੇਮਾਂ, ਅਸੈੱਸਮੈਂਟਾਂ ਜਾਂ ਕੰਮ ਦੀ ਥਾਂ 'ਤੇ ਸਿਹਤ ਅਤੇ ਸੇਫਟੀ ਨਾਲ ਸੰਬੰਧਿਤ ਕਿਸੇ ਵੀ ਚੀਜ਼ ਬਾਰੇ ਤੁਹਾਡੇ ਸਵਾਲ ਹੋਣ ਤਾਂ ਸਾਡੇ ਟੋਲ-ਫ੍ਰੀ ਨੰਬਰ 'ਤੇ ਫੋਨ ਕਰੋ ਅਤੇ ਸਾਡੇ ਕਿਸੇ ਡਿਊਟੀ ਐਡਵਾਈਜ਼ਰ ਨਾਲ ਗੱਲ ਕਰੋ। ਅਸੀਂ ਵਰਕਸੇਫ ਬੀ ਸੀ ਤੋਂ ਆਜ਼ਾਦ ਹਾਂ, ਮੁਫਤ ਹਾਂ, ਅਤੇ ਸਾਰੀਆਂ ਕਾਲਾਂ ਗੁਪਤ ਰੱਖੀਆਂ ਜਾਂਦੀਆਂ ਹਨ।

ਸਾਨੂੰ **1-800-925-2233** 'ਤੇ ਫੋਨ ਕਰੋ

ਜਾਂ ਸਾਨੂੰ ਈਮੇਲ ਕਰੋ: **EAO@eao-bc.org**

